# ਗਿਆਨ ਬਾਰੇ ਨਮੂਨਾ ਟੈਸਟ #1 – Punjabi

1. ਜਦੋਂ ਤੁਸੀਂ ਕਿਸੇ ਉਸਾਰੀ ਵਾਲੇ ਇਲਾਕੇ ਵਿੱਚ ਗੱਡੀ ਚਲਾ ਰਹੇ ਹੋਵੋ ਤਾਂ ਤੁਹਾਨੂੰ ਚਾਹੀਦਾ ਹੈ ਕਿ:
   a. ਤੁਸੀਂ ਕੰਮ ਕਰਨ ਵਾਲਿਆਂ ਨੂੰ ਵੇਖਣ ਲਈ ਰਫਤਾਰ ਘੱਟ ਕਰ ਲਓ।
   b. ਅਗਲੇ ਵਾਹਨ ਤੋਂ ਆਪਣੀ ਦੂਰੀ ਘੱਟ ਕਰ ਲਓ।
   c. ਉਸਾਰੀ ਵਾਲੇ ਇਲਾਕੇ ਵਿੱਚੋਂ ਧਿਆਨ ਨਾਲ ਲੰਘੋ ਅਤੇ “ਤਮਾਸ਼ਬੀਨ” ਨਾ ਬਣੋ।

2. ਕੋਨੇ ਤੋਂ ਇੱਕ ਸੱਜੇ ਮੋੜ ਲੈਣ ਲਈ, ਤੁਸੀਂ:
   a. ਸਾਈਕਲ ਲੇਨ ਵਿੱਚ ਦਾਖਲ ਨਾ ਹੋਵੋ।
   b. ਤੁਹਾਨੂੰ ਸਾਈਕਲ ਲੇਨ ਵਿੱਚ ਤਾਂ ਹੀ ਰੱਲਣਾ ਚਾਹੀਦਾ ਹੈ ਜੇ ਤੁਸੀਂ ਮੁੜਣ ਤੋਂ ਪਹਿਲਾਂ ਰੁਕਦੇ ਹੋ।
   c. ਮੁੜਣ ਤੋਂ ਪਹਿਲਾਂ ਸਾਈਕਲ ਲੇਨ ਵਿੱਚ ਰੱਲਣਾ ਜ਼ਰੂਰੀ ਹੈ।

3. ਜੇ ਕੋਈ ਟ੍ਰੈਫਿਕ ਲਾਈਟ ਕੰਮ ਨਹੀਂ ਕਰ ਰਹੀ ਹੈ ਤਾਂ ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ:
   a. ਰੁੱਕੋ, ਅਤੇ ਫੇਰ ਜਦੋਂ ਸੁਰੱਖਿਅਤ ਹੋਵੇ, ਅੱਗੇ ਵਧੋ।
   b. ਚੁਰਾਹੇ ਵਿੱਚ ਦਾਖਲ ਹੋਣ ਤੋਂ ਪਹਿਲਾਂ ਰੁੱਕੋ ਅਤੇ ਪਹਿਲਾਂ ਬਾਕੀ ਸਾਰੇ ਟ੍ਰੈਫਿਕ ਨੂੰ ਜਾਣ ਦਿਓ
   c. ਸਿਰਫ ਤਾਂ ਹੀ ਰਫਤਾਰ ਘਟਾਓ ਜਾਂ ਰੁੱਕੋ, ਜੇ ਲੋੜ ਹੋਵੇ

4. ਇੱਕ ਪੈਦਲ ਵਿਅਕਤੀ ਤੁਹਾਡੀ ਲੇਨ ਨੂੰ ਪਾਰ ਕਰ ਰਿਹਾ ਹੈ ਪਰ ਉੱਥੇ ਕੋਈ ਕ੍ਰਾਸਵਾਕ ਨਹੀਂ ਹੈ। ਤੁਹਾਨੂੰ ਕਰਨਾ ਚਾਹੀਦਾ ਹੈ:
   a. ਇਹ ਯਕੀਨੀ ਬਣਾਓ ਕਿ ਪੈਦਲ ਵਿਅਕਤੀ ਤੁਹਾਨੂੰ ਵੇਖ ਲਵੇ, ਪਰ ਡ੍ਰਾਈਵਿੰਗ ਕਰਨਾ ਜਾਰੀ ਰੱਖੋ।
   b. ਪੈਦਲ ਦੇ ਆਲੇ-ਦੁਆਲੇ ਧਿਆਨ ਨਾਲ ਗੱਡੀ ਚਲਾਓ।
   c. ਰੁੱਕੋ ਅਤੇ ਪਹਿਲਾਂ ਪੈਦਲ ਚੱਲਣ ਵਾਲੇ ਨੂੰ ਸੜਕ ਪਾਰ ਕਰਨ ਦਿਓ।

5. ਆਪਣੀ ਸੀਟ ਪੇਟੀ ਦੀ ਵਰਤੋਂ ਹਮੇਸ਼ਾ ਕਰੋ:
   a. ਸਿਵਾਏ ਉਸ ਵਾਹਨ ਦੇ ਜਿਹੜੀ 1978 ਤੋਂ ਪਹਿਲਾਂ ਬਣਾਈ ਗਈ ਹੋਵੇ।
   b. ਸਿਵਾਏ ਤਾਂ ਜਦੋਂ ਤੁਸੀਂ ਲਿਮੋਜ਼ਿਨ ਵਿੱਚ ਹੋਵੋ।
   c. ਜਦੋਂ ਵਾਹਨ ਵਿੱਚ ਸੀਟ ਪੇਟੀਆਂ ਲੱਗੀਆਂ ਹੋਣ।

6. ਇੱਕ ਵੱਡੇ ਟ੍ਰਕ ਦੇ ਅੱਗੇ ਵਾਧੂ ਥਾਂ ਦੀ ਲੋੜ ਪੈਂਦੀ ਹੈ:
   a. ਦੂਜੇ ਡ੍ਰਾਈਵਰਾਂ ਨੂੰ ਜਦੋਂ ਉਹ ਫ੍ਰੀਵੇ ਵਿੱਚ ਰੱਲ ਰਹੇ ਹੋਣ।
   b. ਟ੍ਰਕ ਡ੍ਰਾਈਵਰ ਨੂੰ ਵਾਹਨ ਰੋਕਣ ਲਈ ਹੈ।
   c. ਦੂਜੇ ਡ੍ਰਾਈਵਰਾਂ ਨੂੰ ਜਦੋਂ ਉਹ ਰਫਤਾਰ ਘੱਟ ਕਰਨਾ ਚਾਹੁੰਦੇ ਹਨ।

7. ਜਦੋਂ ਮੀਂਹ ਪੈਣਾ ਸ਼ੁਰੂ ਹੁੰਦਾ ਹੈ ਤਾਂ ਸੜਕਾਂ ਤਿਲਕਵੀਆਂ ਹੁੰਦੀਆਂ ਹਨ। ਜਦੋਂ ਸੜਕ ਤਿਲਕਵੀਂ ਹੋਵੇ ਤਾਂ ਤੁਹਾਨੂੰ:
   a. ਤੇਜੀ ਨਾਲ ਮੋੜ ਕੱਟਣ ਅਤੇ ਤੇਜੀ ਨਾਲ ਰੋਕਣ ਤੋਂ ਬਚਣਾ ਚਾਹੀਦਾ ਹੈ।
   b. ਚੜ੍ਹਾਈ ਤੇ ਜਾਂਦੇ ਹੋਏ ਆਪਣੇ ਟਾਇਰਾਂ ਦੀ ਟ੍ਰੈਕਸ਼ਨ ਦੀ ਜਾਂਚ ਕਰਨੀ ਚਾਹੀਦੀ ਹੈ।
   c. ਆਪਣੇ ਵਾਹਨ ਤੋਂ ਅੱਗੇ ਵੇਖਣ ਦੀ ਦੂਰੀ ਨੂੰ ਘੱਟਾ ਦੇਣਾ ਚਾਹੀਦਾ ਹੈ।

8. ਟੱਕਰਾਂ ਹੋਰ ਜਿਆਦਾ ਹੋ ਸਕਦੀਆਂ ਹਨ, ਜਦੋਂ:
   a. ਸਾਰੀਆਂ ਗੱਡੀਆਂ ਤੱਕਰੀਬਨ ਇੱਕੋ ਰਫਤਾਰ ਤੇ ਚੱਲ ਰਹੀਆਂ ਹੋਣ।
   b. ਟ੍ਰੈਫਿਕ ਦੀ ਇੱਕ ਲੇਨ ਬਾਕੀ ਲੇਨਾਂ ਨਾਲੋਂ ਜਿਆਦਾ ਤੇਜ ਚੱਲ ਰਹੀ ਹੋਵੇ।
   c. ਇੱਕ ਵਾਹਨ ਟ੍ਰੈਫਿਕ ਦੇ ਪ੍ਰਵਾਹ ਨਾਲੋਂ ਜਿਆਦਾ ਤੇਜ ਜਾਂ ਜਿਆਦਾ ਹੌਲੀ ਚੱਲ ਰਹੀ ਹੋਵੇ।

ਜਵਾਬ: 1c, 2c, 3a, 4c, 5c, 6b, 7a, 8c

# ਗਿਆਨ ਬਾਰੇ ਨਮੂਨਾ ਟੈਸਟ #2 – Punjabi

1. ਜਦੋਂ ਤੁਸੀਂ ਰੁਕਣ ਤੋਂ ਬਾਅਦ (ਪਟੜੀ ਤੋਂ ਪਰ੍ਹੇ) ਟ੍ਰੈਫਿਕ ਵਿੱਚ ਦਾਖਲ ਹੁੰਦੇ ਹੋ ਤਾਂ, ਤੁਹਾਨੂੰ:
   a. ਚਾਹੀਦਾ ਹੈ ਕਿ ਆਪਣੀ ਗੱਡੀ ਬਾਕੀ ਟ੍ਰੈਫਿਕ ਨਾਲੋਂ 200 ਫੁੱਟ ਦੀ ਦੂਰੀ ਤੱਕ ਹੌਲੀ ਚਲਾਓ।
   b. ਤੁਹਾਨੂੰ ਟ੍ਰੈਫਿਕ ਦੀ ਰਫਤਾਰ ਤੱਕ ਪਹੁੰਚਣ ਲਈ ਕਾਫੀ ਵੱਡੀ ਖਾਲੀ ਥਾਂ ਦੀ ਲੋੜ ਹੁੰਦੀ ਹੈ।
   c. ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਪਹਿਲੀਆਂ ਦੋ ਗੱਡੀਆਂ ਨੂੰ ਲੰਘਣ ਦਿਓ ਅਤੇ ਫੇਰ ਆਪਣੇ ਵਾਹਨ ਨੂੰ ਲੇਨ ਦੇ ਅੰਦਰ ਲੈ ਜਾਓ।

2. ਕਿਸੇ ਹੋਰ ਵਾਹਨ ਤੋਂ ਅੱਗੇ ਨਿਕਲਣ ਵੇਲੇ, ਆਪਣੀ ਲੇਨ ਵਿੱਚ ਵਾਪਸ ਆਉਣਾ ਸੁਰੱਖਿਅਤ ਹੈ, ਜੇ:
   a. ਤੁਸੀਂ ਆਪਣੇ ਨਾਲ ਦੀ ਸੱਜੇ ਪੱਸੇ ਵਾਲੇ ਵਾਹਨ ਨੂੰ ਨਹੀਂ ਵੇਖ ਸਕਦੇ।
   b. ਤੁਸੀਂ ਉਸ ਵਾਹਨ ਦੀਆਂ ਅੱਗੇ ਦੀਆਂ ਬੱਤੀਆਂ ਆਪਣੇ ਪਿੱਛਲਾ ਦ੍ਰਿਸ਼ ਵਿਖਾਉਣ ਵਾਲੇ ਸ਼ੀਸ਼ੇ ਵਿੱਚ ਵੇਖ ਸਕਦੇ ਹੋ।
   c. ਜੇ ਤੁਸੀਂ ਉਸ ਦੂਜੇ ਵਾਹਨ ਦੇ ਅਗਲੇ ਬੰਪਰ ਤੋਂ ਅੱਗੇ ਲੰਘ ਗਏ ਹੋ।

3. ਸਾਮ੍ਹਣੇ ਤੋਂ ਆਉਣ ਵਾਲੇ ਵਾਹਨ ਲਈ ਜਾਂ ਉਸ ਵਾਹਨ ਲਈ ਜੋ ਤੁਹਾਡੇ 300 ਫੁੱਟ ਦੀ ਦੂਰੀ ਦੇ ਅੰਦਰ ਹੈ ਆਪਣੀਆਂ ਅੱਗੇ ਦੀਆਂ ਬੱਤੀਆਂ ਦੀ ਰੋਸ਼ਨੀ ਘਟਾਓ:
   a. ਤੁਸੀਂ ਪਿੱਛੋਂ ਦੀ ਜਿਸਦੇ ਨੇੜੇ ਆ ਰਹੇ ਹੋ।
   b. ਜਿਹੜੀ ਤੁਹਾਡੇ ਪਿੱਛੋਂ ਦੀ ਤੁਹਾਡੇ ਨੇੜੇ ਆ ਰਹੀ ਹੈ।
   c. ਜਿਸ ਨੂੰ ਤੁਸੀਂ ਪਹਿਲਾਂ ਹੀ ਲੰਘ ਚੁੱਕੇ ਹੋ।

4. ਜੇ ਤੁਸੀਂ ਕਿਸੇ ਫ੍ਰੀਵੇ ਤੇ ਉਸਾਰੀ ਵਾਲੇ ਨਾਰੰਗੀ ਰੰਗ ਦੇ ਚਿੰਨ੍ਹ ਅਤੇ ਕੋਨ ਵੇਖੋ ਤਾਂ ਤੁਹਾਡਾ:
   a. ਰਫਤਾਰ ਘਟਾ ਲੈਣਾ ਜ਼ਰੂਰੀ ਹੈ ਕਿਉਂਕਿ ਅੱਗੇ ਲੇਨ ਖਤਮ ਹੋ ਰਹੀ ਹੈ।
   b. ਤੁਸੀਂ ਅੱਗੇ ਕਰਮਚਾਰੀਆਂ ਅਤੇ ਸਾਜ਼ੋ-ਸਾਮਾਨ ਲਈ ਤਿਆਰ ਹੋ ਜਾਓ।
   c. ਲੇਨਾਂ ਬਦਲ ਲਓ ਅਤੇ ਆਪਣੀ ਮੌਜੂਦਾ ਰਫਤਾਰ ਬਣਾ ਕੇ ਰੱਖੋ।

5. ਰਿਹਾਇਸ਼ੀ ਇਲਾਕਿਆਂ ਵਿੱਚ ਇਹ ਯੂ-ਟਰਨ ਕਨੂੰਨੀ ਤੌਰ ਤੇ ਵਾਜਬ ਹਨ:
   a. ਇਕ-ਪੱਸੇ ਵਾਲੀ ਸੜਕ ਤੇ ਜਦੋਂ ਹਰਾ ਤੀਰ ਜੱਗ ਰਿਹਾ ਹੋਵੇ।
   b. ਜਦੋਂ ਕੋਈ ਹੋਰ ਵਾਹਨ ਨੇੜੇ ਨਾ ਆ ਰਹੇ ਹੋਣ।
   c. ਦੂਹਰੀਆਂ ਪੀਲੀਆਂ ਸਾਬਤ ਲਾਈਨਾਂ ਦੇ ਦੋ ਸੈਟ ਪਾਰ ਕਰ ਕੇ।

6. ਤੁਸੀਂ ਆਪਣੇ ਖੂਨ, ਸਾਹ ਅਤੇ ਪਿਸ਼ਾਬ ਵਿੱਚ ਸ਼ਰਾਬ ਦੀ ਮਾਤਰਾ ਦਾ ਪਤਾ ਲਗਾਉਣ ਲਈ ਆਪਣੇ ਖੂਨ ਦੀ ਜਾਂਚ ਕਰਵਾਉਣ ਦੀ ਸਹਿਮਤੀ ਦਿੰਦੇ ਹੋ:
   a. ਸਿਰਫ ਤਾਂ ਜਦੋਂ ਤੁਸੀਂ ਸ਼ਰਾਬ ਪੀਂਦੇ ਰਹੇ ਹੋਵੋ।
   b. ਜਦੋਂ ਵੀ ਤੁਸੀਂ ਕੈਲੀਫੋਰਨੀਆ ਵਿੱਚ ਗੱਡੀ ਚਲਾਓ।
   c. ਸਿਰਫ ਤਾਂ ਜਦੋਂ ਤੁਹਾਡੀ ਕੋਈ ਟੱਕਰ ਹੋਈ ਹੋਵੇ।

7. ਜਦੋਂ ਤੀਰ ਹਰਾ ਹੋਵੇ ਤਾਂ ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ:
   a. ਚੁਰਾਹੇ ਤੇ ਕਿਸੇ ਵੀ ਵਾਹਨ, ਸਾਈਕਲ ਜਾਂ ਪੈਦਲ ਚੱਲਣ ਵਾਲੇ ਨੂੰ ਰਸਤਾ ਦਿਓ।
   b. ਸਿਰਫ ਚੁਰਾਹੇ ਦੇ ਵਿੱਚਕਾਰ ਵਾਲੇ ਪੈਦਲ ਚੱਲਣ ਵਾਲੇ ਲੋਕਾਂ ਨੂੰ ਰਸਤਾ ਦਿਓ।
   c. ਚੱਲਣ ਤੋਂ ਪਹਿਲਾਂ ਚਾਰ ਸਕਿੰਟ ਲਈ ਇੰਤਜ਼ਾਰ ਕਰੋ।

8. ਜਦੋਂ ਤੁਸੀਂ ਰਾਤ ਨੂੰ ਕਿਸੇ ਅਜਿਹੀ ਸੜਕ ਤੇ ਗੱਡੀ ਚੱਲਾ ਰਹੇ ਹੋਵੋ ਜਿੱਥੇ ਰੋਸ਼ਨੀ ਘੱਟ ਹੋਵੇ ਤਾਂ ਤੁਹਾਨੂੰ ਚਾਹੀਦਾ ਹੈ ਕਿ:
   a. ਗੱਡੀ ਇੰਨੀ ਹੌਲੀ ਚਲਾਓ ਕਿ ਤੁਹਾਡੀਆਂ ਅਗਲੀਆਂ ਬੱਤੀਆਂ ਦੀ ਰੋਸ਼ਨੀ ਵਿੱਚ ਨਜ਼ਰ ਆਉਣ ਵਾਲੇ ਖੇਤਰ ਵਿੱਚ ਹੀ ਤੁਸੀਂ ਗੱਡੀ ਨੂੰ ਰੋਕ ਸਕੋ।
   b. ਆਪਣੀਆਂ ਅਗਲੀਆਂ ਬੱਤੀਆਂ ਦੀ ਹਾਈ ਬੀਮ ਚਾਲੂ ਕਰ ਦਿਓ ਤਾਂ ਜੋ ਤੁਸੀਂ ਆਪਣੇ ਅੱਗੇ ਦੀਆਂ ਗੱਡੀਆਂ ਨੂੰ ਚੰਗੀ ਤਰ੍ਹਾਂ ਵੇਖ ਸਕੋ।
   c. ਆਪਣੀ ਗੱਡੀ ਦੇ ਯੰਤਰਾਂ ਦੇ ਪੈਨਲ ਦੀਆਂ ਬੱਤੀਆਂ ਜਗ੍ਹਾਂ ਕੇ ਰੱਖੋ ਤਾਂ ਜੋ ਤੁਸੀਂ ਦੂਜੇ ਡ੍ਰਾਈਵਰਾਂ ਨੂੰ ਜਿਆਦਾ ਚੰਗੀ ਤਰ੍ਹਾਂ ਨਜ਼ਰ ਆ ਸਕੋ।

<u>ਜਵਾਬ</u>: 1b; 2b; 3a; 4b; 5b; 6b; 7a; 8a